# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.) ਬਠਿੰਡਾ

ਵੱਲ

ਸਮੂਹ ਸਕੂਲ ਮੁਖੀ

ਸਪਸ, ਸਮਿਸ, ਸਹਸ, ਸਸਸਸ

ਜਿਲ੍ਹਾ ਬਠਿੰਡਾ।

ਪੱਤਰ ਨੰ. ਜੀ1/1 ( )/2024/ਚੋਣਾਂ/ 6020 ਮਿਤੀ ਬਠਿੰਡਾ 30.05.2024

ਵਿਸ਼ਾ : ਲੋਕ ਸਭਾ ਚੋਣਾਂ - 2024 ਦੇ ਮੱਦੇਨਜਰ ਜਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਪ੍ਰਬੰਧਾਂ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਜਿਲ੍ਹਾ ਬਠਿੰਡਾ ਦੇ ਸਮੂਹ ਸਕੂਲ ਮੁਖੀਆ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਵਿੱਚ ਲੋਕ ਸਭਾ ਚੋਣਾਂ - 2024 ਦੇ ਮੱਦੇਨਜਰ ਸਕੂਲ ਵਿੱਚ ਹੇਠ ਲਿਖੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ ਅਤੇ ਜਿਨ੍ਹਾ ਸਕੂਲ ਮੁੱਖੀਆਂ ਦੀ ਡਿਊਟੀ ਚੋਣਾਂ ਵਿੱਚ ਲੱਗੀ ਹੋਈ ਹੈ ਉਹ ਅੱਜ ਸਕੂਲ ਦੇ ਪ੍ਰਬੰਧਾਂ ਨੂੰ ਮੁਕੰਮਲ ਕਰਨੇ ਯਕੀਨੀ ਬਣਾਉਣ ਅਤੇ ਆਪਣੇ ਬਾਅਦ ਸਕੂਲ ਇੰਚਾਰਜ ਜਿਸਨੂੰ ਜਿੰਮੇਵਾਰੀ ਸੌਂਪੀ ਗਈ ਹੈ ਨੂੰ ਹੇਠ ਲਿਖੇ ਕੰਮਾਂ ਨੂੰ ਕਰਵਾਉਣਾ ਯਕੀਨੀ ਬਣਾਉਣਗੇ।

1. ਸਕੂਲਾਂ ਵਿਖੇ ਛੁੱਟੀਆਂ ਹੋਣ ਕਾਰਨ ਪਿਛਲੇ ਦਿਨੀ ਆਈਆਂ ਹਨੇਰੀਆਂ/ਝੱਖੜ ਕਾਰਨ ਸਕੂਲਾਂ ਵਿਖੇ ਸਾਫ-ਸਫ਼ਾਈ ਦਾ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ।
2. ਗਰਮੀ ਦਾ ਮੌਸਮ ਹੋਣ ਕਾਰਨ ਸਕੂਲ ਵਿੱਚ ਜੇਕਰ ਕਿਸੇ ਸਕੂਲ ਮੁੱਖੀ ਦੇ ਕਮਰੇ/ਕਿਸੇ ਹੋਰ ਕਮਰੇ ਵਿੱਚ ਏ.ਸੀ ਹਨ ਤਾਂ ਵੋਟਾਂ ਤੋਂ ਇੱਕ ਦਿਨ ਪਹਿਲਾਂ ਪੋਲਿੰਗ ਸਟਾਫ ਦੇ ਠਹਿਰਣ ਲਈ ਉਹਨਾਂ ਕਮਰਿਆਂ ਨੂੰ ਚੋਣ ਅਮਲੇ ਲਈ ਖੋਲ ਦਿੱਤਾ ਜਾਵੇ।
3. ਸਮੂਹ ਸਕੂਲਾਂ ਵਿਖੇ ਸਾਫ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ।
4. ਚੋਣ ਡਿਊਟੀ ਤੇ ਹਾਜ਼ਰ ਅਮਲੇ ਲਈ ਪਖਾਨਿਆਂ ਦੀ ਵਰਤੋਂ ਲਈ ਪਖਾਨਿਆਂ ਦੀ ਸਾਫ ਸਫ਼ਾਈ ਕਰਵਾਉਣੀ ਯਕੀਨੀ ਬਣਾਈ ਜਾਵੇ।
5. ਚੋਣ ਡਿਊਟੀ ਤੇ ਹਾਜ਼ਰ ਅਮਲੇ ਲਈ ਨਹਾਉਣ ਆਦਿ ਲਈ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ।
6. ਸਕੂਲ ਦੀ ਪਾਣੀ ਵਾਲੀ ਮੋਟਰ ਚਾਲੂ ਹਾਲਤ ਵਿੱਚ ਹੋਣੀ ਚਾਹੀਦੀ ਹੈ, ਚੋਣਾਂ ਤੋਂ ਇੱਕ ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਸਕੂਲ ਦੇ ਵਰਾਂਡੇ/ਮਿੱਟੀ ਵਾਲੀ ਜਗ੍ਹਾਂ ਤੇ ਪਾਣੀ ਦਾ ਛਿੜਕਾਓ ਕਰਵਾਇਆ ਜਾਵੇ।
7. ਸਕੂਲ ਵਿਖੇ ਪੱਖੇ, ਕੂਲਰ, ਏ.ਸੀ ਆਦਿ ਬਿਜਲੀ ਦੇ ਉਪਕਰਨ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ ਜੇਕਰ ਇਸ ਸਬੰਧੀ ਕਿਸੇ ਕਿਸਮ ਦੀ ਸਮੱਸਿਆਂ ਹੈ ਤਾਂ ਤੁਰੰਤ ਠੀਕ ਕਰਵਾ ਲਏ ਜਾਣ।
8. ਚੋਣ ਡਿਊਟੀ ਤੇ ਹਾਜ਼ਰ ਅਮਲੇ ਲਈ ਫਰਨੀਚਰ ਆਦਿ ਦਾ ਪੂਰਾ ਪ੍ਰਬੰਧ ਕਰਵਾਉਣਾਂ ਯਕੀਨੀ ਬਣਾਇਆ ਜਾਵੇ।

ਨੋਟ: ਜੇਕਰ ਕਿਸੇ ਕਾਰਨ ਉਕਤ ਪ੍ਰਬੰਧਾਂ ਵਿੱਚ ਪ੍ਰਸਾਸ਼ਨਿਕ/ਉੱਚ ਅਧਿਕਾਰੀਆਂ ਦੇ ਪ੍ਰਬੰਧ ਚੈੱਕ ਕਰਨ ਤੇ ਕੋਈ ਘਾਟ ਪਾਈ ਜਾਂਦੀ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਨਿੱਜੀ ਹੋਵੇਗੀ। ਅਗਾਮੀ ਲੋਕ ਸਭਾ ਚੋਣਾਂ - 2024 ਦੇ ਸਬੰਧੀ ਇਸਨੂੰ ਅਤਿ ਜਰੂਰੀ ਸਮਝਿਆ ਜਾਵੇ।

30/5/24

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
ਬਠਿੰਡਾ ।

ਪਿੰ.ਅੰ.ਨੰ. ਉਕਤ ਮਿਤੀ: ਉਕਤ

ਉਕਤ ਪੱਤਰ ਦਾ ਉਤਾਰਾ ਜਿਲ੍ਹੇ ਦੇ ਸਮੂਹ ਬੀ.ਐਨ.ਓਜ/ਬੀ.ਪੀ.ਈ.ਓਜ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪ੍ਰਬੰਧਾਂ ਨੂੰ ਲਾਗੂ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸਹੀ/-

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
ਬਠਿੰਡਾ ।